# ਚਿੱਚੜਾਂ ਦਾ ਕੱਟਣਾ ਅਤੇ ਬਿਮਾਰੀ
# Tick Bites and Disease

## ਚਿੱਚੜ ਕੀ ਹਨ?

ਚਿੱਚੜ ਛੋਟੇ ਕੀੜੇ ਹੁੰਦੇ ਹਨ ਜੋ ਖ਼ੂਨ ਪੀਂਦੇ ਹਨ। ਕਈ ਤਿਲ ਦੇ ਦਾਣੇ ਜਿੱਡੇ ਹੁੰਦੇ ਹਨ। ਵੱਖ ਵੱਖ ਕਿਸਮ ਦੇ ਚਿੱਚੜ ਵੱਖ ਵੱਖ ਜਾਨਵਰਾਂ ਨੂੰ ਪਸੰਦ ਕਰਦੇ ਹਨ। ਕਈ ਵਾਰ ਚਿੱਚੜ ਜਾਨਵਰ ਦੀ ਥਾਂ ਕਿਸੇ ਵਿਅਕਤੀ ਨੂੰ ਕੱਟ ਲੈਂਦਾ ਹੈ। ਆਮ ਤੌਰ ਤੇ ਚਿੱਚੜਾਂ ਦੇ ਕੱਟਣ ਨਾਲ ਕੋਈ ਬਿਮਾਰੀ ਨਹੀਂ ਹੁੰਦੀ ਪਰ ਕੁੱਝ ਨਾਲ ਹੋ ਜਾਂਦੀ ਹੈ।

ਇਹ ਆਮ ਤੌਰ ਤੇ ਵੱਡੇ ਘਾਹ ਜਾਂ ਜੰਗਲੀ ਥਾਵਾਂ ਵਿਚ ਹੁੰਦੇ ਹਨ। ਜਦੋਂ ਇਹ ਵਿਅਕਤੀ ਦਾ ਖ਼ੂਨ ਚੂਸ ਰਹੇ ਹੋਣ ਤਾਂ ਆਸਾਨੀ ਨਾਲ ਪਹਿਚਾਣੇ ਜਾ ਸਕਦੇ ਹਨ। ਇਹ ਆਪਣਾ ਕੁੱਝ ਹਿੱਸਾ ਚਮੜੀ ਵਿਚ ਖੋਭ ਕੇ ਕੱਟਦੇ ਹਨ ਅਤੇ ਖ਼ੂਨ ਪੀ ਕੇ ਡਿਗ ਜਾਂਦੇ ਹਨ। ਖ਼ੂਨ ਪੀਣ ਵਾਲੇ ਚਿੱਚੜ ਦਾ ਮੂੰਹ ਚਮੜੀ ਥੱਲੇ ਅਤੇ ਪਿਛਲਾ ਹਿੱਸਾ ਚਮੜੀ ਤੋਂ ਬਾਹਰ ਹੁੰਦਾ ਹੈ। ਇਹ ਖ਼ੂਨ ਨਾਲ ਭਰ ਕੇ ਨੀਲੇ ਸਲੇਟੀ ਰੰਗ ਦੇ ਹੁੰਦੇ ਹਨ। ਇਸ ਨੂੰ ਭਰਿਆ ਹੋਇਆ ਚਿੱਚੜ ਕਹਿੰਦੇ ਹਨ।



**ਮਾਦਾ**
**ਜਵਾਨ ਚਿੱਚੜ**
(ਤਕਰੀਬਨ ਅਸਲ ਸਾਈਜ਼)

**ਚਿੱਚੜ ਦਾ ਬੱਚਾ**
(ਤਕਰੀਬਨ ਅਸਲ ਸਾਈਜ਼)



**ਮਾਦਾ ਜਵਾਨ ਚਿੱਚੜ**
(ਤਕਰੀਬਨ ਅਸਲ ਸਾਈਜ਼ ਤੋਂ 10 ਗੁਣਾ)

## ਜੇ ਮੇਰੀ ਚਮੜੀ ਤੇ ਚਿੱਚੜ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਚਮੜੀ ਤੇ ਚਿੱਚੜ ਨਜ਼ਰ ਆਉਂਦਾ ਹੈ ਤਾਂ ਜਿੰਨੀ ਜਲਦੀ ਹੋ ਸਕੇ ਉਸ ਨੂੰ ਉਤਾਰ ਦਿਓ। ਆਪਣੇ ਸਾਰੇ ਸਰੀਰ ਅਤੇ ਕੱਪੜਿਆਂ ਦੀ ਜਾਂਚ ਕਰੋ। ਜੇ ਚਿੱਚੜ ਨਜ਼ਰ ਆਵੇ ਤਾਂ ਰੁਕੋ ਨਾ, ਹੋਰ ਵੀ ਹੋ ਸਕਦੇ ਹਨ। ਇਹ ਸੁਨਿਸ਼ਚਿਤ ਕਰੋ ਕਿ ਰੌਸ਼ਨੀ ਕਾਫ਼ੀ ਹੈ ਤਾਂ ਕਿ ਕੋਈ ਚਿੱਚੜ ਦਿਸਣੋਂ ਨਾ ਬਚ ਜਾਵੇ। ਜੇ ਤੁਸੀਂ ਚਿੱਚੜ ਤਕ ਪਹੁੰਚ ਨਹੀਂ ਸਕਦੇ ਜਾਂ ਚੰਗੀ ਤਰ੍ਹਾਂ ਦੇਖ ਕੇ ਹਟਾ ਨਹੀਂ ਸਕਦੇ ਤਾਂ ਚਿੱਚੜ ਹਟਾਉਣ ਲਈ ਕਿਸੇ ਦੀ ਮਦਦ ਲਵੋ ਜਾਂ ਚਿੱਚੜ ਹਟਾਉਣ ਲਈ ਸਿਹਤ ਮਾਹਿਰ ਦੀ ਮਦਦ ਲਵੋ।

### ਚਿੱਚੜ ਨੂੰ ਹਟਾਉਣ ਲਈ ਡਾਕਟਰ ਨੂੰ ਕਦੋਂ ਸੱਦਿਆ ਜਾਵੇ

ਜੇ ਚਿੱਚੜ ਤੁਹਾਡੀ ਚਮੜੀ ਵਿਚ ਕਾਫ਼ੀ ਡੂੰਘਾ ਖੁੱਭਿਆ ਹੋਇਆ ਹੈ ਤਾਂ ਤੁਹਾਨੂੰ ਚਿੱਚੜ ਹਟਾਉਣ ਲਈ ਸਿਹਤ ਸੇਵਾ ਮਾਹਿਰ ਕੋਲ ਤਾਂ ਜਾਣਾ ਚਾਹੀਦਾ ਹੈ।

ਇਹ ਤਦ ਹੀ ਹੁੰਦਾ ਹੈ ਜੇ ਚਿੱਚੜ ਕਈ ਘੰਟਿਆਂ ਜਾਂ ਇੱਕ ਦੋ ਦਿਨਾਂ ਤੋਂ ਤੁਹਾਡੇ ਸਰੀਰ ਤੇ ਹੈ। ਜਦੋਂ ਚਿੱਚੜ ਤੁਹਾਡੀ ਚਮੜੀ ਵਿਚ ਬਹੁਤ ਡੂੰਘਾ ਖੁੱਭ ਚੁਕਾ ਹੋਵੇ ਤਾਂ ਇਸ ਨੂੰ ਹਟਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਹਟਾਉਣ ਲੱਗਿਆਂ ਇਸ ਦੇ ਮੂੰਹ ਦਾ ਕੁੱਝ ਹਿੱਸਾ ਚਮੜੀ ਵਿਚ ਹੀ ਰਹਿ ਜਾਂਦਾ ਹੈ ਜਿਸ ਕਾਰਨ ਇਨਫ਼ੈਕਸ਼ਨ ਹੋ ਸਕਦੀ ਹੈ।

### ਚਿੱਚੜ ਨੂੰ ਹਟਾਉਣਾ

ਜੇ ਤੁਸੀਂ ਚਿੱਚੜ ਨੂੰ ਆਪਣੇ ਆਪ ਹਟਾ ਸਕਦੇ ਹੋ ਤਾਂ ਹੇਠ ਲਿਖੇ ਨਿਰਦੇਸ਼ਾਂ ਤੇ ਅਮਲ ਕਰੋ।

1. ਚਿੱਚੜ ਨੂੰ ਜਿੰਨਾ ਹੋ ਸਕੇ ਮੂੰਹ ਦੇ ਨੇੜਿਉਂ ਪਕੜਨ ਲਈ ਚਿਮਟੀ ਵਰਤੋ। ਉਸ ਦਾ ਸਰੀਰ ਤੁਹਾਡੀ ਚਮੜੀ ਤੋਂ ਉੱਪਰ ਹੋਵੇਗਾ। ਚਿੱਚੜ ਨੂੰ ਹੱਥ ਨਾ ਲਗਾਓ। ਹੋ ਸਕੇ ਤਾਂ ਦਸਤਾਨੇ ਪਹਿਨੋ।
2. ਆਰਾਮ ਨਾਲ ਚਿੱਚੜ ਨੂੰ ਚਮੜੀ ਤੋਂ ਸਿੱਧਾ ਉੱਪਰ ਚੁੱਕ ਲਵੋ। ਚਿੱਚੜ ਨੂੰ ਦਬਾਓ ਨਾ ਦਬਾਉਣ ਨਾਲ ਉਸ ਦੇ ਪੇਟ ਵਿਚਲੇ ਤੱਤ ਜ਼ਖ਼ਮ ਵਾਲੀ ਥਾਂ ਤੇ ਖਿੱਲਰ ਸਕਦੇ ਹਨ ਅਤੇ ਇਨਫ਼ੈਕਸ਼ਨ ਦਾ ਖ਼ਤਰਾ ਵਧ ਸਕਦਾ ਹੈ। ਚਿੱਚੜ ਨੂੰ ਝਟਕਾ ਨਾ ਦਿਓ ਅਤੇ ਨਾ ਹੀ ਮਰੋੜੋ ਇਸ ਤਰ੍ਹਾਂ ਉਸ ਦਾ ਸਿਰ ਧੜ ਨਾਲੋਂ ਜੁਦਾ ਹੋ ਜਾਵੇਗਾ। ਇਹ ਬੜਾ ਜ਼ਰੂਰੀ ਹੈ ਕਿ ਚਮੜੀ ਵਿਚ ਖੁੱਭੇ ਮੂੰਹ ਸਮੇਤ ਚਿੱਚੜ ਦੇ ਸਾਰੇ ਹਿੱਸੇ ਚਮੜੀ ਵਿਚੋਂ ਬਾਹਰ ਨਿਕਲ ਜਾਣ।
3. ਇੱਕ ਵਾਰ ਜਦੋਂ ਚਿੱਚੜ ਨਿਕਲ ਜਾਏ ਤਾਂ ਬਾਅਦ ਵਿਚ ਉਸ ਜਗ੍ਹਾ ਨੂੰ ਸਾਬਣ ਵਾਲੇ ਪਾਣੀ ਨਾਲ ਧੋਵੋ। ਤੁਸੀਂ ਉੱਥੇ ਕੋਈ ਐਂਟੀਬਾਇਟਿਕ ਕਰੀਮ ਵੀ ਲਗਾ ਸਕਦੇ ਹੋ। ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਵੋ।

ਤੁਸੀਂ ਗਰੀਸ ਜਾਂ ਪੈਟਰੋਲ ਮਲ਼ ਕੇ ਜਾਂ ਮਾਚਸ ਜਾਂ ਸਿਗਰਟ ਨਾਲ ਚਿੱਚੜ ਨੂੰ ਨਹੀਂ ਹਟਾ ਸਕਦੇ। ਇਹ ਤਰੀਕੇ ਕੰਮ ਨਹੀਂ ਕਰਦੇ! ਬਲਕਿ ਇਸ ਤਰ੍ਹਾਂ ਇਨਫ਼ੈਕਸ਼ਨ ਦੀ ਸੰਭਾਵਨਾ ਵਧ ਜਾਂਦੀ ਹੈ।

### ਚਿੱਚੜ ਨੂੰ ਹਟਾਉਣ ਤੋਂ ਬਾਅਦ ਉਸ ਦਾ ਕੀ ਕਰਨਾ ਚਾਹੀਦਾ ਹੈ

1. ਜ਼ਿੰਦਾ ਚਿੱਚੜ ਨੂੰ ਇੱਕ ਸਖ਼ਤ ਢੱਕਣ ਵਾਲੇ ਡੱਬੇ ਵਿਚ ਪਾਓ ਅਤੇ ਉਸ ਨੂੰ ਜਿਊਂਦਾ ਰੱਖਣ ਲਈ ਡੱਬੇ ਵਿਚ ਗਿੱਲਾ ਕੀਤਾ ਹੋਇਆ ਰੂੰ ਰੱਖੋ। ਕੋਈ ਹੋਰ ਪਦਾਰਥ ਜਾਂ ਰਬਿੰਗ ਅਲਕੋਹਲ ਨਾ ਵਰਤੋ। ਸਿਰਫ਼ ਜਿਊਂਦੇ ਚਿੱਚੜ ਦੀ ਹੀ ਇਨਫ਼ੈਕਸ਼ਨ ਲਈ ਜਾਂਚ ਕੀਤੀ ਜਾ ਸਕਦੀ ਹੈ। ਡੱਬੇ ਨੂੰ ਫਰਿਜ ਵਿਚ ਰੱਖੋ। ਜਦ ਤੱਕ ਤੁਸੀਂ ਡਾਕਟਰ ਜਾਂ ਪਬਲਿਕ ਹੈੱਲਥ ਯੂਨਿਟ ਨਾਲ ਗਲ ਨਹੀਂ ਕਰਦੇ ਕਿ ਚਿੱਚੜ ਨੂੰ ਜਾਂਚ ਲਈ ਭੇਜਿਆ ਜਾਵੇ ਇਹ 8 ਦਿਨਾਂ ਤੱਕ ਉਥੇ ਜਿਊਂਦਾ ਰਹਿ ਸਕਦਾ ਹੈ।

2. ਹੋਰ ਜ਼ਿਆਦਾ ਜਾਣਕਾਰੀ ਲਈ ਸਿਹਤ ਸੇਵਾ ਮਾਹਿਰ ਜਾਂ ਲੋਕਲ ਹੈੱਲਥ ਅਥਾਰਿਟੀ ਨਾਲ ਸੰਪਰਕ ਕਰੋ। ਤੁਹਾਡਾ ਸਿਹਤ ਸੇਵਾ ਮਾਹਿਰ ਅਨੁਮਾਨ ਲਗਾਏਗਾ ਅਤੇ ਜੇ ਜ਼ਰੂਰੀ ਹੋਇਆ ਤਾਂ ਬੀ.ਸੀ. ਸੈਂਟਰ ਫ਼ਾਰ ਡਿਜ਼ੀਜ਼ ਕੰਟ੍ਰੋਲ (BC Centre for Disease Control) ਨੂੰ ਟੈਸਟਿੰਗ ਲਈ ਚਿੱਚੜ ਭੇਜੇਗਾ।

## ਚਿੱਚੜਾਂ ਦੇ ਕੱਟਣ ਤੋਂ ਮੈਂ ਆਪਣੇ ਆਪ ਨੂੰ ਕਿਵੇਂ ਬਚਾਵਾਂ?

ਤੁਸੀਂ ਆਪਣੇ ਆਪ ਨੂੰ ਅਤੇ ਆਪਣੇ ਪਰਵਾਰ ਨੂੰ ਚਿੱਚੜਾਂ ਅਤੇ ਹੋਰ ਕੀੜਿਆਂ ਮਕੌੜਿਆਂ ਦੇ ਕੱਟਣ ਤੋਂ ਬਚਾਅ ਲਈ:

1. ਜਦੋਂ ਲੰਮੇ ਘਾਹ ਜਾਂ ਜੰਗਲ ਵਿਚ ਚੱਲ ਰਹੇ ਹੋਵੋ ਤਾਂ ਸਾਫ਼ ਰਸਤਿਆਂ ਤੇ ਹੀ ਚਲੋ।
2. ਹਲਕੇ ਰੰਗ ਦੇ ਕੱਪੜੇ ਪਾਓ, ਟੌਪ ਜਾਂ ਕਮੀਜ਼ ਨੂੰ ਪੈਂਟ ਅੰਦਰ ਪਾਓ, ਪੈਂਟ ਦੇ ਪਹੁੰਚਿਆਂ ਨੂੰ ਬੂਟਾਂ ਜਾਂ ਜੁਰਾਬਾਂ ਵਿਚ ਪਾ ਲਵੋ।
3. ਕੀੜਿਆਂ ਨੂੰ ਭਜਾਉਣ ਵਾਲੀ ਕੋਈ ਚੀਜ਼ ਜਿਸ ਵਿਚ ਡੀਟ (DEET) ਹੋਵੇ ਆਪਣੇ ਕੱਪੜਿਆਂ ਅਤੇ ਸਰੀਰ ਦੇ ਨੰਗੇ ਹਿੱਸੇ ਤੇ ਲਗਾਓ। ਜਿਸ ਤਰ੍ਹਾਂ ਡੱਬੇ ਤੇ ਲਿਖਿਆ ਹੋਵੇ ਦੁਬਾਰਾ ਲਗਾਓ।
4. ਜਿਸ ਜਗ੍ਹਾ ਚਿੱਚੜ ਹੁੰਦੇ ਹੋਣ ਉਹ ਜਗ੍ਹਾ ਛੱਡਣ ਵੇਲੇ ਆਪਣੇ ਕੱਪੜਿਆਂ ਅਤੇ ਸਿਰ ਦੀ ਜਾਂਚ ਕਰੋ। ਆਪਣੀ ਚਮੜੀ ਦੀਆਂ ਸਿਲਵਟ ਵਾਲੀਆਂ ਥਾਵਾਂ ਵੇਖੋ। ਛੋਟੇ ਬੱਚਿਆਂ ਦੀ ਜਾਂਚ ਕਰਨ ਲਈ ਕਿਸੇ ਦੀ ਮਦਦ ਲਵੋ।
5. ਘਰ ਦੇ ਪਾਲਤੂ ਜਾਨਵਰ ਜੋ ਲੰਮੇ ਘਾਹ ਵਿਚ ਜਾਂ ਜੰਗਲ ਵਿਚ ਜਾਂਦੇ ਹਨ ਉਨ੍ਹਾਂ ਦੀ ਬਾਕਾਇਦਾ ਜਾਂਚ ਕਰੋ।

## ਚਿੱਚੜਾਂ ਨਾਲ ਕਿਹੜੀ ਬਿਮਾਰੀ ਫੈਲ ਸਕਦੀ ਹੈ?

ਚਿੱਚੜਾਂ ਦੇ ਕੱਟਣ ਨਾਲ ਮਨੁੱਖਾਂ ਵਿਚ ਕਈ ਬਿਮਾਰੀਆਂ ਆ ਸਕਦੀਆਂ ਹਨ। ਲਾਈਮ ਬਿਮਾਰੀ ਸਭ ਤੋਂ ਜ਼ਿਆਦਾ ਜਾਣੀ ਜਾਂਦੀ ਹੈ।

ਬੋਰੇਲੀਆ ਬਰਜਰਫੇਰੀ (*Borrelia burgdorferi*), ਜਿਨ੍ਹਾਂ ਜੀਵਾਣੂਆਂ ਕਰ ਕੇ ਲਾਈਮ ਬਿਮਾਰੀ ਹੁੰਦੀ ਹੈ ਉਹ ਬ੍ਰਿਟਿਸ਼ ਕੋਲੰਬੀਆ ਦੇ ਕਈ ਇਲਾਕਿਆਂ ਵਿਚੋਂ ਇਕੱਠੇ ਕੀਤੇ ਚਿੱਚੜਾਂ ਵਿਚ ਮਿਲੇ ਹਨ ਅਤੇ ਪਿਛਲੇ 15 ਸਾਲਾਂ ਵਿਚ ਇਸ ਬਿਮਾਰੀ ਦੇ ਦਰਜਨਾਂ ਮੁਆਮਲੇ ਪਹਿਚਾਣੇ ਗਏ ਹਨ। ਇਸ ਬਿਮਾਰੀ ਵਾਲੇ ਕਈ ਲੋਕਾਂ ਨੇ ਬੀ.ਸੀ. ਤੋਂ ਬਾਹਰ ਸਫ਼ਰ ਨਹੀਂ ਕੀਤਾ ਇਸ ਲਈ ਇਹ ਸੰਭਵ ਹੈ ਕਿ ਇਹ ਬਿਮਾਰੀ ਬੀ.ਸੀ. ਵਿਚੋਂ ਹੀ ਲੱਗੀ ਹੈ।

ਸਾਰੇ ਚਿੱਚੜਾਂ ਵਿਚ ਬੈਕਟੀਰੀਆ ਨਹੀਂ ਹੁੰਦਾ ਅਤੇ ਇਸ ਦੀ ਬੜੀ ਘੱਟ ਸੰਭਾਵਨਾ ਹੈ ਕਿ ਚਿੱਚੜ ਤੁਹਾਨੂੰ ਬੈਕਟੀਰੀਆ ਦੇਣਗੇ। ਪਰ ਕਿਉਂਕਿ ਇਸ ਦੇ ਨਤੀਜੇ ਵਜੋਂ ਗੰਭੀਰ ਬਿਮਾਰੀ ਹੋ ਸਕਦੀ ਹੈ, ਇਸ ਲਈ ਜ਼ਰੂਰੀ ਹੈ ਕਿ ਚਿੱਚੜਾਂ ਦੇ ਕੱਟਣ ਤੋਂ ਬਚਾਅ ਦੇ ਕਦਮ ਚੁੱਕੇ ਜਾਣ।

ਚਿੱਚੜਾਂ ਤੋਂ ਜੋ ਹੋਰ ਬਿਮਾਰੀਆਂ ਆ ਸਕਦੀਆਂ ਹਨ ਉਨ੍ਹਾਂ ਵਿਚ ਸ਼ਾਮਲ ਹਨ ਰੀਲੈਪਸਿੰਗ ਫ਼ਿਵਰ (relapsing fever), ਟੁਲਾਰੇਮੀਆ (tularaemia), ਰੌਕੀ ਮਾਊਨਟੈਨ ਸਪੌਟਿਡ ਫ਼ਿਵਰ (ਆਰ.ਐਮ ਐਸ.ਐਫ਼) (Rocky Mountain Spotted Fever (RMSF)), ਕਿਯੂ ਫ਼ਿਵਰ (Q fever) ਅਤੇ ਐਨਾਪਲਸਮੋਸਿਸ (anaplasmosis) ਜਿਸ ਨੂੰ ਪਹਿਲਾਂ ਐਹਰਲਿਚਿਓਸਿਸ (Ehrlichiosis) ਕਹਿੰਦੇ ਸਨ। ਇਹ ਬਿਮਾਰੀਆਂ ਬ੍ਰਿਟਿਸ਼ ਕੋਲੰਬੀਆ ਵਿਚ ਬਹੁਤ ਹੀ ਘੱਟ ਹਨ।

ਕਈ ਚਿੱਚੜ ਐਸਾ ਟਾਕਸਿਨ ਛੱਡ ਸਕਦੇ ਹਨ ਜਿਸ ਕਾਰਨ ਆਰਜ਼ੀ ਤੌਰ ਤੇ ਅਧਰੰਗ ਹੋ ਸਕਦਾ ਹੈ। ਇਸੇ ਕਾਰਨ ਕਰ ਕੇ ਇਹ ਬੜਾ ਜ਼ਰੂਰੀ ਹੈ ਕਿ ਪੂਰਾ ਚਿੱਚੜ ਜਿੰਨੀ ਜਲਦੀ ਹੋ ਸਕੇ ਕੱਢ ਦੇਣਾ ਚਾਹੀਦਾ ਹੈ।

## ਚਿੱਚੜਾਂ-ਸਬੰਧੀ ਬਿਮਾਰੀਆਂ ਦੀਆਂ ਕੀ ਨਿਸ਼ਾਨੀਆਂ ਹਨ?

ਚਿੱਚੜ ਦੇ ਕੱਟਣ ਤੋਂ ਕੁੱਝ ਦਿਨਾਂ ਜਾਂ ਹਫ਼ਤਿਆਂ ਬਾਅਦ ਜੇ ਹੇਠ ਲਿਖੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਆਪਣੇ ਸਿਹਤ ਸੇਵਾ ਪਰਦਾਨ ਕਰਨ ਵਾਲੇ ਨੂੰ ਇੱਕ ਦਮ ਦੱਸੋ। ਉਸ ਨੂੰ ਇਹ ਵੀ ਦੱਸੋ ਕਿ ਕਦੋਂ ਅਤੇ ਕਿੱਥੇ ਚਿੱਚੜ ਨੇ ਕੱਟਿਆ ਸੀ।

1. ਬੁਖ਼ਾਰ ਦੀਆਂ ਆਮ ਨਿਸ਼ਾਨੀਆਂ, ਸਿਰ ਦਰਦ, ਪੱਠਿਆਂ ਅਤੇ ਜੋੜਾਂ ਵਿਚ ਦਰਦਾਂ, ਥਕਾਵਟ ਜਾਂ ਚਿਹਰੇ ਦੇ ਪੱਠਿਆਂ ਦੀ ਕਮਜ਼ੋਰੀ।
2. ਚਮੜੀ ਤੇ ਰੈਸ਼, ਖ਼ਾਸਕਰ ਗੋਲ ਗੋਲ (bull's eye) ਵਰਗਾ ਨਜ਼ਰ ਆਉਂਦਾ ਹੈ। ਇਹ ਜ਼ਰੂਰੀ ਨਹੀਂ ਕਿ ਕੱਟਣ ਵਾਲੀ ਜਗ੍ਹਾ ਤੇ ਹੀ ਹੋਵੇ।
3. ਕੁੱਝ ਹਾਲਤਾਂ ਵਿਚ ਅਧਰੰਗ ਹੋ ਸਕਦਾ ਹੈ। ਇਹ ਅਧਰੰਗ ਪੈਰਾਂ ਅਤੇ ਲੱਤਾਂ ਤੋਂ ਸ਼ੁਰੂ ਹੁੰਦਾ ਹੈ ਅਤੇ ਫਿਰ ਉੱਪਰ ਸਰੀਰ, ਬਾਂਹਾਂ ਅਤੇ ਸਿਰ ਵਲ ਨੂੰ ਜਾਂਦਾ ਹੈ। ਇਹ ਅਧਰੰਗ ਚਿੱਚੜ ਦੇ ਕੱਟਣ ਤੋਂ ਬਾਅਦ ਕੁੱਝ ਘੰਟਿਆਂ ਜਾਂ ਇੱਕ ਦੋ ਦਿਨਾਂ ਵਿਚ ਸ਼ੁਰੂ ਹੋ ਜਾਂਦਾ ਹੈ।

## ਇਸ ਦਾ ਕੀ ਇਲਾਜ ਹੈ?

ਚਿੱਚੜਾਂ ਕੋਲੋਂ ਆਈ ਬਿਮਾਰੀ ਦੇ ਇਲਾਜ ਲਈ ਕੈਨੇਡਾ ਵਿਚ ਹਾਲੇ ਕਿਸੇ ਵੈਕਸੀਨ ਨੂੰ ਪ੍ਰਮਾਣਿਤ ਨਹੀਂ ਕੀਤਾ ਗਿਆ।

ਲਾਈਮ ਬਿਮਾਰੀ ਅਤੇ ਹੋਰ ਚਿੱਚੜਾਂ-ਸਬੰਧੀ ਬਿਮਾਰੀਆਂ ਦਾ ਇਲਾਜ ਐਂਟੀਬਾਇਟਿਕ ਨਾਲ ਕੀਤਾ ਜਾ ਸਕਦਾ ਹੈ। ਜਲਦੀ ਪਹਿਚਾਣ ਅਤੇ ਇਲਾਜ ਨਾਲ ਜਟਿਲਤਾਵਾਂ ਨੂੰ ਰੋਕਣ ਵਿਚ ਮਦਦ ਮਿਲ ਸਕਦੀ ਹੈ।

BC Centre for Disease Control
AN AGENCY OF THE PROVINCIAL HEALTH SERVICES AUTHORITY

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ **7-1-1** 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।